ਅੱਜ ਦੀ ਆਵਾਜ਼

ਕਾਂਗਰਸੀ ਆਗੂਆਂ ਨੇ ਕੀਤੀ ਮਹਿੰਗਾਈ ਤੋਂ ਤੌਬਾ...

ਬੁਢਲਾਡਾ, 21 ਫਰਵਰੀ (ਦਵਿੰਦਰ ਸਿੰਘ ਕੋਹਲੀ)- ਜ਼ਿਲ੍ਹਾ ਮਾਨਸਾ ਦੇ ਇੱਕ ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਸ੍ਰੀ ਰਾਜ ਗੋਇਲ ਨੇ ਪ੍ਰੈੱਸ ਦੇ ਨਾਂ ਬਿਆਨ ਦਿੰਦੇ ਹੋਏ ਕਿਹਾ ਕਿ ਚੀਨੀ ਦੀ ਕਿੱਲਤ ਬਾਰੇ ਅਤੇ ਦੇਸ਼ ਵਿੱਚ ਮੌਜੂਦ ਚੀਨੀ ਦੇ ਭੰਡਾਰ ਬਾਰੇ 'ਆਜ ਤੱਕ' ਨਿਊਜ਼ ਚੈਨਲ ਵੱਲੋਂ ਕੀਤੇ ਗਏ ਖੁਲਾਸੇ ਤੋਂ ਬਾਅਦ ਇਖਲਾਕੀ ਜ਼ਿੰਮੇਵਾਰੀ ਲੈਂਦੇ ਹੋਏ ਕੇਂਦਰੀ ਖਾਦ ਅਤੇ ਅਪੂਰਤੀ ਮੰਤਰੀ ਸ੍ਰੀ ਸ਼ਰਦ ਪਵਾਰ ਨੂੰ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ ਅਤੇ ਜੇ ਇਹ ਹਾਲੇ ਵੀ ਇਸ ਮਹਿਕਮੇ ਨਾਲ ਚਿੰਬੜੇ ਰਹਿਣਾ ਚਾਹੁੰਦੇ ਹਨ ਤਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਚਾਹੀਦਾ ਹੈ ਕਿ ਉਨ੍ਹਾਂ ਨੂੰ ਮੰਤਰੀ ਮੰਡਲ ਵਿੱਚੋਂ ਕੱਢ ਦੇਣ ਜਾਂ ਉਨ੍ਹਾਂ ਤੋਂ ਇਹ ਮਹਿਕਮਾ ਵਾਪਸ ਲੈ ਕੇ ਕਿਸੇ ਹੋਰ ਯੋਗ ਵਿਅਕਤੀ ਨੂੰ ਇਹ ਮਹਿਕਮਾ ਦੇਣ। ਦੇਸ਼ ਦੇ ਅੰਦਰ ਖਾਦ ਅਤੇ ਜ਼ਰੂਰ ਵਸਤਾਂ ਦੀ ਆਪੂਰਤੀ ਨਾਲ ਸੰਬੰਧਤ ਜਿਵੇਂ ਹਾਲਾਤ ਚੱਲ ਰਹੇ ਹਨ, ਉਸ ਤੋਂ ਇਹ ਬਿਲਕੁੱਲ ਸਪੱਸ਼ਟ ਹੋ ਗਿਆ ਹੈ ਕਿ ਇਹ ਮਹਿਕਮਾ ਸ੍ਰੀ ਪਵਾਰ ਦੇ ਵੱਸ ਦੀ ਗੱਲ ਨਹੀਂ ਹੈ। "ਅੱਜ ਤੱਕ" ਇਲੈਕਟ੍ਰਾਨਿਕਸ ਮੀਡੀਆ ਨੇ ਆਪਣੇ ਬਰਾਡਕਾਸਟ ਵਿੱਚ ਕਿਹਾ ਹੈ ਕਿ 11 ਲੱਖ ਟਨ ਚੀਨੀ ਦੇਸ਼ ਦੇ ਸਮੁੰਦਰੀ ਤੱਟਾਂ 'ਤੇ ਪਈ ਸੜ ਰਹੀ ਹੈ ਅਤੇ ਲੱਖਾਂ ਟਨ ਚੀਨੀ ਵੱਡੇ ਭੰਡਾਰ ਕਰਤਾਵਾਂ ਕੋਲ ਪਈ ਹੈ, ਜੋ ਮਾਰਕੀਟ ਵਿੱਚ ਨਹੀਂ ਉਤਾਰੀ ਜਾ ਰਹੀ, ਜਿਸ ਕਾਰਨ ਚੀਨੀ ਦੇ ਭਾਅ ਘਟਣ ਵਿੱਚ ਨਹੀਂ ਆ ਰਹੇ। 'ਆਜ ਤੱਕ' ਦੇ ਖੁਲਾਸੇ ਵਿੱਚ ਕਿਹਾ ਗਿਆ ਹੈ ਕਿ ਵੱਡੀਆਂ-ਵੱਡੀਆਂ ਕੰਪਨੀਆਂ ਜੋ ਚੀਨੀ ਦੇ ਵਪਾਰ ਨਾਲ ਜੁੜੀਆਂ ਹੋਈਆਂ ਹਨ, ਉਨ੍ਹਾਂ ਕੰਪਨੀਆਂ ਦਾ ਮੁਨਾਫਾ ਇਸ ਮਾਲੀ ਸਾਲ ਵਿੱਚ ਕਈ ਗੁਣਾ ਵੱਧ ਹੋ ਗਿਆ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਸ੍ਰੀ ਸ਼ਰਦ ਪਵਾਰ ਦੀ ਇਨ੍ਹਾਂ ਵੱਡੀਆਂ ਕੰਪਨੀਆਂ ਨਾਲ ਮਿਲੀਭੁਗਤ ਹੈ ਅਤੇ ਇਸ ਮਿਲੀਭੁਗਤ ਦੇ ਕਾਰਨ ਹੀ ਜਿੱਥੇ ਕੰਪਨੀਆਂ ਫਰਜ਼ੀ ਕਿੱਲਤ ਬਣਾ ਕੇ ਮੋਟਾ ਧਨ ਕਮਾਉਣ ਵਿੱਚ ਲੱਗੀਆਂ ਹੋਈਆਂ ਹਨ ਉਥੇ ਦੇਸ਼ ਦੀ ਜਨਤਾ ਚੀਨੀ ਦੀ ਮਹਿੰਗਾਈ ਵਿੱਚ ਪਿਸ ਰਹੀ ਹੈ। ਜਿੱਥੇ ਸਬਜ਼ੀਆਂ ਵਗੈਰਾ ਦੇ ਭਾਵਾਂ ਵਿੱਚ ਕੁਝ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ, ਚੀਨੀ ਦੇ ਅਸਮਾਨ ਨੂੰ ਛੂੰਹਦੇ ਭਾਅ ਦਾ ਨਾਂ ਨਹੀਂ ਲੈ ਰਹੇ।

ਇਹ ਪੱਕੇ ਤੌਰ 'ਤੇ ਇਸ ਸੰਬੰਧੀ ਸ੍ਰੀ ਸ਼ਰਦ ਪਵਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਹੈ ਅਤੇ ਸ੍ਰੀ ਸ਼ਰਦ ਪਵਾਰ ਦੀ ਇਮਾਨਦਾਰੀ ਸ਼ੱਕ ਦੇ ਘੇਰੇ ਵਿੱਚ ਹੈ। ਬਲਕਿ ਸ੍ਰੀ ਸ਼ਰਦ ਪਵਾਰ ਦੀ ਕਾਰਗੁਜ਼ਾਰੀ ਡਾ. ਮਨਮੋਹਨ ਸਿੰਘ ਦੇ ਸਾਫ ਸੁਥਰੇ ਅਕਸ 'ਤੇ ਧੱਬਾ ਲਾ ਰਹੀ ਹੈ। ਸ੍ਰੀ ਸ਼ਰਦ ਪਵਾਰ ਨੂੰ ਮੰਤਰੀ ਮੰਡਲ ਵਿੱਚ ਰੱਖਣ ਦੀ ਜੋ ਮਜਬੂਰੀ ਡਾ. ਮਨਮੋਹਨ ਸਿੰਘ ਦੀ ਹੈ, ਉਸ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ, ਪਰ ਸ੍ਰੀ ਸ਼ਰਦ ਪਵਾਰ ਦਾ ਮਹਿਕਮਾ ਜ਼ਰੂਰ ਬਦਲ ਦਿੱਤਾ ਜਾਣਾ ਚਾਹੀਦਾ ਹੈ।

ਕਿਸਾਨਾਂ ਨੂੰ ਫਸਲਾਂ ਸੰਬੰਧੀ ਪੂਰੇ ਗਿਆਨ ਦੀ ਲੋੜ-ਜੋਗਿੰਦਰ ਸਿੰਘ

ਸੁਲਤਾਨਪੁਰ ਲੋਧੀ, 21 ਫਰਵਰੀ (ਰਾਜਬੀਰ ਸਿੰਘ)-ਸਹਿਕਾਰੀ ਸੰਸਥਾ ਇਫਕੋ ਜਲੰਧਰ ਦੇ ਸਹਿਯੋਗ ਨਾਲ ਸਹਿਕਾਰੀ ਖੇਤੀਬਾੜੀ ਸੇਵਾ ਸੁਸਾਇਟੀ ਡਡਵਿੰਡੀ ਵੱਲੋਂ ਸਭਾ ਦੇ ਦਫਤਰ ਵਿਖੇ ਸਾਉਣੀ ਦੀ ਫਸਲਾ ਸੰਬੰਧੀ ਅਤੇ ਸੰਤੁਲਿਤ ਖਾਦ ਦੀ ਵਰਤੋਂ ਸੰਬੰਧੀ ਵਿਚਾਰ ਗੋਸ਼ਟੀ ਅਤੇ ਕਿਸਾਨ ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ ਸ਼ਾਮਲ 250 ਤੋਂ ਵੀ ਜ਼ਿਆਦਾ ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸ੍. ਜੋਗਿੰਦਰ ਸਿੰਘ ਮਿਆਣੀ ਡਿਪਟੀ ਰਜਿਸਟਰਾਰ ਕਪੂਰਥਲਾ ਨੇ ਕਿਹਾ ਕਿ ਖੇਤੀਬਾੜੀ ਨੂੰ ਵਿਗਿਆਨਕ ਲੀਹਾਂ ਤੇ ਚਲਾਉਣ ਵਾਸਤੇ ਕਿਸਾਨਾਂ ਨੂੰ ਫਸਲਾਂ ਸੰਬੰਧੀ ਪੂਰੇ ਗਿਆਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਵਿਭਾਗ ਦੇ ਘੇਰਾ ਲਗਾਤਾਰ ਵਿਸ਼ਾਲ ਹੋ ਰਿਹਾ ਹੈ ਅਤੇ ਮੈਂਬਰਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ, ਡੀਜ਼ਲ ਪੰਪ, ਐਗਰੋ ਸਰਵਿਸ ਸੈਂਟਰ ਅਤੇ ਕਿਸਾਨਾਂ ਦੀ ਵਰਤੋਂ ਵਾਲੇ ਸੰਦ ਸਭਾਵਾਂ ਨੂੰ ਖਰੀਦ ਕੇ ਦਿੱਤੇ ਜਾ ਰਹੇ ਹਨ। ਸ੍ਰੀ ਰਾਮ ਸ਼ਰਨਪਾਲ ਜ਼ੋਨਲ ਅਫਸਰ ਇਫਕੋ ਚੰਡੀਗੜ੍ਹ ਨੇ ਇਫਕੋ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਇਫਕੋ ਵੱਲੋਂ ਤਿਆਰ ਉਤਪਾਦਾਂ ਦੀ ਗੁਣਵੱਤਾ ਬਾਰੇ ਜਾਣਕਾਰੀ ਦਿੱਤੀ। ਡਾ. ਪਰਮਿੰਦਰ ਸਿੰਘ ਖੇਤੀਬਾੜੀ ਅਫਸਰ ਕਪੂਰਥਲਾ ਨੇ ਕਿਹਾ ਕਿ ਬਹੁਤ ਪੁਰਾਣੀ ਕਹਾਵਤ ਅੱਜ ਵੀ ਸੱਚ ਹੈ ਕਿ ਮੋਤੀ ਬੀਜੋਗੇ ਮੋਤੀ ਪਾਉਗ। ਉਨ੍ਹਾਂ ਨੇ ਕਿਸਾਨਾਂ ਨੂੰ ਸਬਜ਼ੀਆਂ ਦੀਆਂ ਵਧੀਆ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਘੱਟ ਸਪਰੇਅ ਨਾਲ ਸਬਜ਼ੀਆਂ ਦੀ ਪੈਦਾਵਾਰ ਕਰਨ ਦੇ ਢੰਗ ਤਰੀਕਿਆਂ ਦੀ ਜਾਣਕਾਰੀ ਵੀ ਦਿੱਤੀ।

ਸਾਥੀ ਤਖਤੂਪੁਰਾ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਨੂੰ ਲੈ ਕੇ ਕੀਤੀਆਂ ਰੈਲੀਆਂ

ਮਹਿਲ ਕਲਾਂ, 21 ਫਰਵਰੀ (ਬਲਵਿੰਦਰ ਸਿੰਘ ਵਜੀਦਕੇ)-ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੀ ਸੂਬਾ ਕਮੇਟੀ ਦੇ ਸੱਦੇ 'ਤੇ ਯੂਨੀਅਨ ਦੇ ਸੂਬਾ ਜਥੇਬੰਦਕ ਸਕੱਤਰ ਸ਼ਹੀਦ ਸਾਥੀ ਸਾਧੂ ਸਿੰਘ ਤਖਤੂਪੁਰਾ ਦੇ ਕਾਤਲਾਂ ਨੂੰ ਲੈ ਕੇ ਇਲਾਕੇ ਦੇ ਪਿੰਡਾਂ ਵਜੀਦਕੇ ਕਲਾਂ, ਹਮੀਦੀ, ਗੁਰਮ, ਗੁੰਮਟੀ, ਗਹਿਲ, ਸੱਦੋਵਾਲ, ਨਰਾਇਣਗੜ੍ਹ ਸੋਹੀਆਂ, ਦੀਵਾਨੇ ਆਦਿ ਵਿਖੇ ਭਰਵੀਆਂ ਰੈਲੀਆਂ ਕੀਤੀਆਂ ਗਈਆਂ। ਇਨ੍ਹਾਂ ਇਕੱਠਾਂ ਵਿੱਚ ਸ਼ਾਮਲ ਸੈਂਕੜੇ ਕਿਸਾਨਾਂ, ਮਜ਼ਦੂਰਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਹਰਜੀਤ ਸਿੰਘ ਦੀਵਾਨੇ ਨੇ ਕਿਹਾ ਕਿ ਨਿਧੜਕ ਕਿਸਾਨ ਆਗੂ ਸਾਧੂ ਸਿੰਘ ਤਖਤੂਪੁਰਾ ਦਾ ਕਤਲ ਸਿਆਸੀ ਕਤਲ ਹੈ ਤੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਕਾਤਲਾਂ ਨੇ ਜਥੇਬੰਦੀ ਨੂੰ ਸੋਚੀ ਸਮਝੀ ਸਾਜ਼ਿਸ਼ ਅਧੀਨ ਆਗੂ ਰਹਿਤ ਕਰਨ ਦੀ ਮਨਸ਼ਾ ਪਾਲਿਆ ਸੀ। ਪ੍ਰੰਤੂ ਸਾਧੂ ਸਿੰਘ ਦੇ ਇਨਕਲਾਬੀ ਖੂਨ ਦੇ ਇੱਕ ਇੱਕ ਕਤਰੇ 'ਚੋਂ ਇਨਕਲਾਬੀ ਪੈਦਾ ਹੋਣਗੇ, ਜੋ ਕਾਤਲਾਂ ਤਦੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਲੋਕ ਮਨਾਂ ਵਿੱਚੋਂ ਖਤਮ ਕਰਕੇ ਕਬਰਾਂ ਤੱਕ ਪਹੁੰਚਾਉਣਗੇ। ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਬੁੱਕਣ ਸਿੰਘ ਸੱਦੋਵਾਲ ਨੇ ਕਿਹਾ ਕਿ ਸਾਥੀ ਤਖਤੂਪੁਰਾ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਵਾ ਕੇ ਸਖਤ ਸਜ਼ਾਵਾਂ ਦਿਵਾਉਣ ਲਈ 24 ਫਰਵਰੀ ਨੂੰ ਜ਼ਿਲ੍ਹਾ ਬਰਨਾਲਾ ਦੇ ਡੀ.ਸੀ. ਦਫਤਰ ਸਾਹਮਣੇ ਵਿਸ਼ਾਲ ਰੋਸ ਧਰਨਾ ਤੇ ਮੁਜ਼ਾਹਰਾ ਕੀਤਾ ਜਾਵੇਗਾ। ਕਾਤਲਾਂ ਨੂੰ ਸਖਤ ਸਜ਼ਾਵਾਂ ਦਿਵਾਉਣ ਅਤੇ ਕਿਸਾਨੀ ਮੰਗਾਂ ਲਾਗੂ ਕਰਵਾਉਣ ਦੇ ਸ਼ਹੀਦ ਤਖਤੂਪੁਰਾ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਕਿਸਾਨ ਲਹਿਰ ਨੂੰ ਪ੍ਰਚੰਡ ਰੂਪ ਦਿੱਤਾ ਜਾਵੇਗਾ ਤੇ ਅੰਮ੍ਰਿਤਸਰ ਦੇ ਆਬਾਦਕਾਰੀ ਕਿਸਾਨਾਂ ਨੂੰ ਮਾਲਕੀ ਹੱਕ ਦਿਵਾਉਣ ਦਾ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਸਾਧੂ ਸਿੰਘ ਤਖਤੂਪੁਰਾ ਦੇ ਸਾਰੇ ਜ਼ਿੰਮੇਵਾਰ ਕਾਤਲਾਂ ਤੇ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਨੂੰ ਨੰਗਾ ਕਰਦਿਆਂ ਸਾਰਿਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਪਿੰਡ-ਪਿੰਡ ਕਿਸਾਨਾਂ ਵਿੱਚ ਕਾਤਲਾਂ ਪ੍ਰਤੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਕੁਲਜੀਤ ਸਿੰਘ, ਜਗਜੀਤ ਸਿੰਘ ਵਜੀਦਕੇ ਕਲਾਂ, ਹਰਜੀਤ ਸਿੰਘ, ਕਸ਼ਮੀਰ ਸਿੰਘ ਰਮੀਦੀ, ਬਾਵਾ ਸਿੰਘ ਵਜੀਦਕੇ ਕਲਾਂ, ਹਰਜੀਤ ਸਿੰਘ, ਕਸ਼ਮੀਰ ਸਿੰਘ ਰਮੀਦੀ, ਬਾਵਾ ਸਿੰਘ ਦੀਵਾਨੇ ਨੇ ਸਮੂਹ ਕਿਸਾਨਾਂ, ਮਜ਼ਦੂਰਾਂ ਅਤੇ ਇਨਸਾਫਪਸੰਦ ਜਥੇਬੰਦੀਆਂ ਨੂੰ 24 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਬਰਨਾਲਾ ਪਹੁੰਚਣ ਦਾ ਸੱਦਾ ਦਿੱਤਾ ਹੈ।

ਵਿਸ਼ਵ ਹਾਕੀ ਕੱਪ ਤੇ 12 ਦੇਸ਼ਾਂ ਦੇ ਕੌਮੀ ਗੀਤ

ਹੁਸ਼ਿਆਰਪੁਰ, 21 ਫਰਵਰੀ (ਕੁਲਦੀਪ ਸਿੰਘ ਪੱਟੀ)-28 ਫਰਵਰੀ ਨੂੰ ਉਲੰਪੀਅਨ ਧਿਆਨ ਚੰਦ ਕੌਮੀ ਹਾਕੀ ਸਟੇਡੀਅਮ ਦਿੱਲੀ ਵਿਖੇ ਸ਼ੁਰੂ ਹੋ ਰਹੇ 12ਵੇਂ ਵਿਸ਼ਵ ਹਾਕੀ ਕੱਪ ਵਿੱਚ ਭਾਰਤ ਸਮੇਤ ਸ਼ਾਮਲ 12 ਦੇਸ਼ਾਂ ਦੇ ਕੌਮੀ ਗੀਤ ਹਰ ਮੈਚ ਦੇ ਸ਼ੁਰੂ ਹੋਣ ਤੋਂ ਪਹਿਲ ਕੌਮਾਂਤਰੀ ਹਾਕੀ ਨਿਯਮਾਂ ਅਨੁਸਾਰ ਗਾਏ ਜਾਇਆ ਕਰਨਗੇ। ਇਹ ਪ੍ਰਵਾਹ 13 ਮਾਰਚ ਤੱਕ ਚੱਲੇਗਾ। ਉਦਘਾਟਨੀ ਸਮਾਰੋਹ ਤੇ 12 ਦੇਸ਼ਾਂ ਦੇ ਹਾਕੀ ਖਿਡਾਰੀ ਆਪਣੇ ਕੌਮੀ ਝੰਡਿਆਂ ਨਾਲ ਮਾਰਚ ਪਾਸਟ ਕਰਨਗੇ। ਸ੍ਰੀ ਸੁਰੇਸ਼ ਕਮਲਾਡੀ ਪ੍ਰਧਾਨ ਭਾਰਤੀ ਉਲੰਪਿਕ ਮੰਗ ਤੇ ਸ੍. ਮਨੋਹਰ ਸਿੰਘ ਗਿੱਲ ਕੇਂਦਰੀ ਖੇਡ ਮੰਤਰੀ ਇਸ ਮੌਕੇ ਹਾਜ਼ਰ ਹੋਣਗੇ।

ਗੁਰੂ ਅਮਰਦਾਸ ਪਬਲਿਕ ਸਕੂਲ ਦੇ ਸਾਲਾਨਾ ਸਮਾਗਮ ਦੌਰਾਨ ਮੁੱਖ ਮਹਿਮਾਨ ਮਾਣਯੋਗ ਜਸਟਿਸ ਸ: ਰਣਜੀਤ ਸਿੰਘ ਰੰਧਾਵਾ ਸ: ਜਗਜੀਤ ਸਿੰਘ ਗਾਬਾ ਦਾ ਸਨਮਾਨ ਕਰਦੇ ਹੋਏ। ਨਾਲ ਹਨ ਪ੍ਰਧਾਨ ਡਾ. ਮਨਦੀਪ ਸਿੰਘ ਸੇਠੀ, ਪ੍ਰਿੰਸੀਪਲ ਹਰਮਿੰਦਰਜੀਤ ਕੌਰ ਚਾਵਲਾ ਅਤੇ ਹੋਰ। (ਸੱਜੇ) ਪ੍ਰੋਗਰਾਮ ਪੇਸ਼ ਕਰਦੀਆਂ ਵਿਦਿਆਰਥਣਾਂ। ਤਸਵੀਰਾਂ : ਕੁਲਦੀਪ ਸਿੰਘ

ਝੰਡਾ ਮਾਰਚ ਮੌੜ ਬਲਾਕ ਵਿਚ ਪਹੁੰਚਿਆ

ਮੌੜ ਮੰਡੀ 21 ਫਰਵਰੀ ਸ਼ਾਮ ਲਾਲ ਜੋਧਪੁਰੀਆ : - ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਬਲਾਕ ਮੌੜ ਵੱਲੋਂ 16 ਫਰਵਰੀ ਤੋਂ ਸ਼ੁਰੂ ਕੀਤਾ ਝੰਡਾ ਮਾਰਚ ਅੱਜ ਮੌੜ ਬਲਾਕ ਵਿਚ ਪਹੁੰਚਿਆ। ਇਹ ਮਾਰਚ ਸੁਖਬੀਰ ਕਾਲੀਆਂ ਰਿਪੋਰਟ ਖਿਲਾਫ ਕੀਤਾ ਜਾ ਰਿਹਾ ਹੈ। ਇਹ ਮਾਰਚ ਪਿੰਡ ਰਾਜਗੜ੍ਹ ਕੁੱਬੇ ਤੋਂ ਸ਼ੁਰੂ ਹੋਕੇ ਦਰਜਨਾਂ ਪਿੰਡਾਂ ਵਿੱਚ ਦੀ ਹੁੰਦਾ ਹੋਇਆ ਅਖੀਰ ਪਿੰਡ ਮੌੜ ਕਲ੍ਹਾਂ ਪਹੁੰਚਿਆ। ਇਸ ਮੌਕੇ ਤੇ ਕਿਸਾਨ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਬਲਦੇਵ ਸਿੰਘ ਸੰਦੋਹਾ ਨੇ ਬੋਲਦੇ ਹੋਏ ਕਿਹਾ ਕਿ ਸੁਖਬੀਰ ਕਾਲੀਆਂ ਦੀ ਰਿਪੋਰਟ ਕਿਸਾਨਾਂ ਦੇ ਖਿਲਾਫ ਜਾ ਰਹੀ ਹੈ। ਜਿਵੇਂ ਮੋਟਰਾਂ ਦੇ ਬਿਲ ਲਾਗੂ ਕਰਨਾ, ਇੱਕ ਹਾਸ ਪਾਵਰ ਮਗਰ 50 ਰੁਪੈ, ਇੱਕ ਏਕੜ ਦਾ ਮਾਮਲਾ ਮਾਲੀਆ 150 ਰੁਪੈ ਇੱਕ ਫਸਲ ਪ੍ਰਤੀ ਲਾਗੂ ਕੀਤਾ ਜਾ ਰਿਹਾ ਹੈ। ਡੀਜਲ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ ਜੋ ਕਿਸਾਨਾਂ ਤੇ ਬੋਝ ਹੈ। ਜੇਹੜੀ ਪੰਜਾਬ ਸਰਕਾਰ ਕਹਿੰਦੀ ਨਹੀ ਥੱਕਦੀ ਕਿ ਇਸ ਸਾਰੇ ਲਈ ਕੇਂਦਰ ਸਰਕਾਰ ਜਿੰਮੇਵਾਰ ਹੈ। ਇਸ ਸਰਕਾਰ ਨੇ ਅਪਣਾ ਖੂਨੀ ਚੇਹਰਾ ਨੰਗਾ ਕਰ ਦਿੱਤਾ ਹੈ। ਚੋਣ ਮੈਨੀਫੈਸਟੋ ਵਿੱਚ ਬਾਦਲ ਸਰਕਾਰ ਨੇ ਕਿਸਾਨਾਂ ਨਾਲ ਵਾਅਦੇ ਕੀਤੇ ਸਨ ਕਿ ਕਿਸਾਨਾਂ ਨੂੰ 8 ਘੰਟੇ ਬਿਜਲੀ ਮੁਫਤ ਦਿੱਤੀ ਜਾਵੇਗੀ, ਕਿਸਾਨਾਂ ਤੋਂ ਮਾਲੀਆ ਨਹੀ ਲਿਆ ਜਾਵੇਗਾ। ਪਰ ਪੰਜਾਬ ਸਰਕਾਰ ਇਸ ਦੇ ਬਾਵਜੂਦ ਸਾਰਾ ਕੁਝ ਹੀ ਲਾਗੂ ਕਰ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਨੇ ਇਨਾਂ ਮੰਗਾਂ ਵਲੋਂ ਪਿਛਲੇ ਦਿਨੀ ਡਿਪਟੀ ਕਮਿਸ਼ਨਰ ਬਠਿੰਡਾ ਦੇ ਹੈਡ ਕੁਆਟਰ ਤੇ ਧਰਨੇ ਦਿੱਤੇ ਸਨ। ਇਸ ਮੌਕੇ ਤੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਗਹਿਰੀ, ਬਲਕ ਪ੍ਰਧਾਨ ਸੁਰਜੀਤ ਸਿੰਘ ਸੰਦੋਹਾ, ਜਿਲ੍ਹਾ ਵਿੱਤ ਸਕੱਤਰ ਮੁਖਤਿਆਰ ਸਿੰਘ ਕੁੱਬੇ, ਬਲਵਿੰਦਰ ਸਿੰਘ ਜੋਧਪੁਰ ਬਲਾਕ ਜਨਰਲ ਸਕੱਤਰ, ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਜੀਤ ਸਿੰਘ ਭਾਗੀ ਬਾਂਦਰ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਅਤੇ ਮਹਿਲਾ ਆਗੂ ਹਾਜਿਰ ਸਨ।

ਪਿੰਡ ਧੀਨਾ ਦੇ ਘਰਾਂ 'ਚ ਰਾਤ ਗੁੰਡਾ ਅਨਸਰਾਂ ਵੱਲੋਂ ਭੰਨ ਤੋੜ ਅਤੇ ਗੁੰਡਾਗਰਦੀ

ਜਲੰਧਰ, 21 ਫਰਵਰੀ (ਅ.ਬ.)- ਜਲੰਧਰ ਕੈਂਟ ਦੇ ਲਾਗੇ ਪਿੰਡ ਧੀਨਾਂ ਦੇ ਰਹਿਣ ਵਾਲੇ ਪਾਲ ਸਿੰਘ ਗੜ੍ਹਾ ਰੋਡ ਅਤੇ ਉਨ੍ਹਾਂ ਦੇ ਸਾਥੀਆਂ ਦੇ ਘਰਾਂ 'ਚ ਰਾਤ ਮਿਤੀ 19-2-10 ਨੂੰ ਕਰੀਬ 10 ਅਤੇ 10.30 ਦੇ ਵਿਚਕਾਰ ਕੁਝ ਗੁੰਡਾਂ ਅਨਸਰਾਂ ਵੱਲੋਂ ਮਕਾਨ ਦੇ ਅੰਦਰ ਵੜ ਕੇ ਖਰੂਦ ਪਾਇਆ ਗਿਆ ਤੇ ਘਰ ਵਾਲਿਆਂ ਨੂੰ ਡਰਾਇਆ ਤੇ ਧਮਕਾਇਆ ਗਿਆ। ਇਨ੍ਹਾਂ ਗੁੰਡਾਂ ਅਨਸਰਾਂ ਨੇ ਘਰ ਦੇ ਅੱਗੇ ਖੜ੍ਹੀ ਕਾਰ ਦੀ ਵੀ ਭੰਨ ਤੋੜ ਕੀਤੀ। ਇਸ ਮੌਕੇ ਇਨ੍ਹਾਂ ਨੇ ਕੱਚ ਦੀਆਂ ਬੋਤਲਾਂ ਅਤੇ ਇੱਟਾਂ ਪੱਥਰਾਂ ਦੀ ਵਰਤੋਂ ਕੀਤੀ। ਹੋ ਸਕਦਾ ਹੈ ਕਿ ਇਨ੍ਹਾਂ ਦੇ ਕੋਲ ਖਤਰਨਾਕ ਹਥਿਆਰ ਵੀ ਹੋਣ। ਪਾਲ ਸਿੰਘ ਗੜ੍ਹਾਂ ਨੇ ਇਸ ਮਾਮਲੇ ਵਿੱਚ ਦੱਸਿਆ ਕਿ ਮੇਰੀ ਘਰ ਵਾਲੀ ਜੋ ਕਿ ਦਿਲ ਦੀ ਮਰੀਜ਼ ਹੈ। ਇਸ ਖਤਰਨਾਕ ਕਾਂਡ ਨੂੰ ਦੇਖਦੇ ਹੋਏ ਉਨ੍ਹਾਂ ਦੀ ਸਿਹਤ ਕਾਫ਼ੀ ਵਿਗੜ ਗਈ ਅਤੇ ਉਨ੍ਹਾਂ ਨੂੰ ਐਮਰਜੈਂਸੀ ਹਸਪਤਾਲ ਲੈ ਜਾਣਾ ਪਿਆ। ਇਨ੍ਹਾਂ ਗੁੰਡਾਂ ਅਨਸਰਾਂ ਨੇ ਉਨ੍ਹਾਂ ਦੀ ਘਰ ਵਿੱਚ ਨਾ ਮੌਜੂਦਗੀ ਹੋਣ ਕਰਕੇ ਵਕਤ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਇਸ ਇਲਾਕੇ ਵਿੱਚ ਪਹਿਲਾਂ ਵੀ ਲਗਾਤਾਰ ਲੁੱਟਾਂ ਖੋਹਾਂ ਅਤੇ ਡਕੈਤੀਆਂ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਮੇਰੀ ਘਰ ਵਾਲੀ ਦੇ ਦੱਸਣ ਮੁਤਾਬਿਕ ਜੋ ਇੱਕ ਗੁੰਡਾ ਅਨਸਰ ਰਾਤ ਭੰਨਤੋੜ ਕਰ ਰਹੇ ਸਨ। ਪਾਲ ਸਿੰਘ ਅਨੁਸਾਰ ਦੋਸ਼ੀ ਵਿਅਕਤੀਆਂ ਦੇ ਨਾਂ ਅਨੁਰਾਗ ਅਗਰਵਾਲ ਤਜਿੰਦਰ, ਅਬੈ ਅਗਰਵਾਲ, ਦਿਨੇਸ਼ ਹਨ ਜੋ ਕਿ ਮਿਸਟਰ ਅਗਰਵਾਲ ਵਾਸਤੇ ਕੰਮ ਕਰਦੇ ਹਨ। ਪਾਲ ਸਿੰਘ ਨੇ ਥਾਣਾ ਸਦਰ ਦੇ ਸੰਬੰਧਿਤ ਐਸ.ਐਚ.ਓ. ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਬੰਦਿਆਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ ਤਾਂ ਕਿ ਇਹ ਹੋਰ ਕਿਸੇ ਖਤਰਨਾਕ ਵਾਰਦਾਤ ਨੂੰ ਅੰਜ਼ਾਮ ਨਾ ਦੇ ਸਕਣ। ਰਾਤ ਵੇਲੇ ਜਦੋਂ ਇਹ ਖਰੂਦ ਪਾ ਰਹੇ ਸਨ ਤਾਂ ਉਸ ਵੇਲੇ ਪੁਲਿਸ ਕੰਟਰੋਲ ਰੂਮ ਨੂੰ ਵੀ ਸੂਚਿਤ ਕੀਤਾ ਗਿਆ ਪਰ ਕੋਈ ਕਾਰਵਾਈ ਨਹੀਂ ਹੋ ਸਕੀ।

ਸਾਲਾਨਾ ਸਪੋਰਟਸ ਮੀਟ ਆਯੋਜਿਤ ਹੋਇਆ

ਲੁਧਿਆਣਾ, 21 ਫਰਵਰੀ (ਰਾਜ ਜੋਸ਼ੀ)—ਸਰਕਾਰੀ ਕਾਲਜ ਮਹਿਲਾਵਾਂ ਲੁਧਿਆਣਾ ਦੀਆਂ ਹੋਈਆਂ 67ਵੀਆਂ ਸਾਲਾਨਾ ਖੇਡਾਂ ਵਿੱਚ ਰਮਨਦੀਪ ਕੌਰ ਨੇ ਬਿਸਟ ਐਥਲੀਟ ਹੋਣ ਦਾ ਮਾਣ ਹਾਸਲ ਕੀਤਾ ਅਤੇ ਬੀ.ਏ. ਭਾਗ-2 ਦੀ ਹਰਮਨਦੀਪ ਕੌਰ ਬੈਸਟ ਪਲੇਅਰ ਚੁਣੀ ਗਈ। ਇਸ ਸਮਾਗਮ ਵਿੱਚ ਕਰੀਬ ਇੱਕ ਘੰਟਾ ਲੇਟ ਪਹੁੰਚੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਵਿਕਾਸ ਗਰਗ (ਆਈ.ਏ.ਐੱਸ.) ਨੇ ਉਨ੍ਹਾਂ ਦੀ ਇੰਤਜ਼ਾਰ ਵਿੱਚ ਪਰੇਡ ਲਈ ਧੁੱਪ ਵਿੱਚ ਖੜ੍ਹੀਆਂ ਭੁੱਖੀਆਂ ਪਿਆਸੀਆਂ ਵਿਦਿਆਰਥਣਾਂ ਜਿਨ੍ਹਾਂ ਵਿੱਚੋਂ ਬਹੁਤੀਆਂ ਥੱਕ ਕੇ ਬੈਠ ਗਈਆਂ ਸਨ, ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਲਜਾਂ ਵਿੱਚ ਸਪੋਰਟਸ ਦਾ ਦਿਨ ਬੜੀ ਅਹਿਮੀਅਤ ਰੱਖਦਾ ਹੈ ਕਿਉਂਕਿ ਵਿਦਿਆਰਥੀ ਇਸ ਨੂੰ ਆਪ ਆਰਗੇਨਾਈਜ਼ ਕਰਦੇ ਹਨ।

ਕਬੱਡੀ ਨੂੰ ਉਤਸ਼ਾਹਿਤ ਕਰਨ ਲਈ ਜਲਦ ਹੀ ਰਣਨੀਤੀ ਤਿਆਰ ਕੀਤੀ ਜਾਵੇਗੀ : ਤਿਵਾੜੀ

ਲੁਧਿਆਣਾ, 21 ਫਰਵਰੀ (ਰਾਜ ਜੋਸ਼ੀ)-ਪੰਜਾਬੀਆਂ ਦੀ ਮਾਂ ਖੇਡ ਕਬੱਡੀ ਪੰਜਾਬ ਦਾ ਮਾਣ ਹੈ। ਪਰ ਸੂਬੇ ਦੀ ਸਰਕਾਰ ਨੇ ਕਦੇ ਇਸ ਖੇਡ ਨੂੰ ਵਿਕਸਤ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ। ਉਹ ਇਸ ਖੇਡ ਨੂੰ ਪ੍ਰਫੁਲੱਤ ਕਰਨ ਲਈ ਕੇਂਦਰ ਸਰਕਾਰ ਦੇ ਸਪੋਰਟਸ ਵਿਭਾਗ ਤੋਂ ਕ੍ਰਿਕਟ ਤੇ ਹੋਰਨਾਂ ਖੇਡਾਂ ਵਾਂਗ ਇਸ ਖੇਡ ਨੂੰ ਉਤਸ਼ਾਹਿਤ ਕਰਨ ਲਈ ਜਲਦ ਰਣਨੀਤੀ ਤਿਆਰ ਕਰਵਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਤੇ ਕਾਂਗਰਸ ਦੇ ਕੌਮੀ ਬੁਲਾਰੇ ਸ੍ਰੀ ਮਨੀਸ਼ ਤਿਵਾੜੀ ਨੇ ਅੱਜ ਲੁਧਿਆਣਾ ਦੇ ਨਜਦੀਕ ਸਥਿਤ ਪਿੰਡ ਜੋਧਾਂ ਦੇ ਰਾਮ ਰਾਏ ਪਬਲਿਕ ਸਕੂਲ ਵਿਚ ਬਾਬਾ ਸਾਹਿਬ ਸਿੰਘ ਬੇਦੀ ਸਪੋਰਟਸ ਕਲੱਬ ਵਲੋਂ ਪ੍ਰਵਾਸੀ ਭਾਰਤੀਆਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮੋਹਨ ਸਿੰਘ ਯੂ.ਐਸ.ਏ ਦੇ ਪਿਤਾ ਸਵ. ਨੈਬ ਸਿੰਘ ਦੀ ਯਾਦ 'ਚ ਕਰਵਾਏ ਗਏ 15ਵੇਂ ਕਬੱਡੀ ਕੱਪ ਦੌਰਾਨ ਮੰਚ ਤੋਂ ਸੰਬੋਧਨ ਕਰਦੇ ਹੋਏ ਕੀਤਾ। ਇਸ ਮੌਕੇ ਸ੍ਰੀ ਤਿਵਾੜੀ ਦੇ ਨਾਲ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਵਿਧਾਇਕ ਜਸਵੀਰ ਸਿੰਘ ਜੱਸੀ ਖੰਗੂੜਾ, ਵਿਧਾਇਕ ਗੁਰਦੀਪ ਸਿੰਘ ਭੈਣੀ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਰਨਲ ਸਕੱਤਰ ਪਵਨ ਦੀਵਾਨ, ਸਤੀਸ਼ ਸ਼ਰਮਾ ਸ਼ੋਅਮੈਨ ਹਾਜ਼ਰ ਸਨ। ਸ੍ਰੀ ਤਿਵਾੜੀ ਨੇ ਅੱਗੇ ਕਿਹਾ ਕਿ ਪੰਜਾਬ ਵਿਚੋਂ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਹਰ ਪਿੰਡ ਖੇਡ ਮੇਲੇ ਕਰਵਾ ਕੇ ਇਸ ਮੁਹਿਮ ਵਿਚ ਅਹਿਮ ਯੋਗਦਾਨ ਪਾਉਂਦਾ ਹੈ। ਉਨ੍ਹਾਂ ਨੇ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਖੇਡਣ ਸਮੇਂ ਕਿਸੇ ਵੀ ਪ੍ਰਕਾਰ ਦੇ ਨਸ਼ੇ ਤੋਂ ਗੁਰੇਜ਼ ਕਰਨ ਤੇ ਨਸ਼ੇ ਨਾ ਕਰਨ ਦੀ ਸਹੁੰ ਖਾਣ, ਕਿਉਂਕਿ ਖਿਡਾਰੀਆਂ ਤੇ ਸਾਰੇ ਸਮਾਜ ਦੀ ਨਜ਼ਰ ਹੁੰਦੀ ਹੈ ਤੇ ਆਉਣ ਵਾਲੀ ਪੀੜ੍ਹੀ ਲਈ ਵੀ ਇਕ ਮਾਰਗ ਦਰਸ਼ਕ ਹੁੰਦੇ ਹਨ। ਇਸ ਮੌਕੇ ਸ੍ਰੀ ਤਿਵਾੜੀ ਨੇ ਪਿੰਡ ਦੇ ਸਪੋਰਟਸ ਕਲੱਬ ਨੂੰ 2 ਲੱਖ ਰੁਪੈ ਦੀ ਗਰਾਂਟ ਦੇਣ ਦਾ ਐਲਾਨ ਕੀਤਾ। ਖੇਡ ਮੇਲੇ ਨੂੰ ਵਿਧਾਇਕ ਜਸਵੀਰ ਸਿੰਘ ਜੱਸੀ ਖੰਗੂੜਾ ਤੇ ਗੁਰਦੀਪ ਸਿੰਘ ਭੈਣੀ ਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਵੀ ਸੰਬੋਧਨ ਕੀਤਾ। ਕਬੱਡੀ ਕੱਪ ਤੇ ਪਿੰਡ ਸੈਦੋਕੇ ਦੀ ਟੀਮ ਨੇ ਜੋਧਾਂ ਦੀ ਟੀਮ ਨੂੰ ਹਰਾ ਕੇ ਜੇਤੂ ਰਹੀ। ਇਸ ਮੌਕੇ ਕਲੱਬ ਦੇ ਪ੍ਰਧਾਨ ਧਨਜੀਤ ਸਿੰਘ ਗਰੇਵਾਲ, ਸੁਰਜੀਤ ਸਿੰਘ ਜੀ.ਪੀ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਤੇ ਸਨਮਾਨਿਤ ਕੀਤਾ। ਖੇਡ ਮੇਲੇ ਨੂੰ ਸਫ਼ਲ ਬਣਾਉਣ ਲਈ ਪਰਮਿੰਦਰ ਸਿੰਘ ਫ਼ੌਜੀ, ਸੂਬੇਦਾਰ ਲਿਆਕਤ ਸਿੰਘ, ਰਣਜੀਤ ਸਿੰਘ ਮਾਂਗਟ ਆਦਿ ਸ਼ਾਮਲ ਸਨ।

ਕਬੱਡੀ ਕੱਪ ਤੇ ਪਿੰਡ ਸੈਦੋਕੇ ਟੀਮ ਦੀ ਝੰਡੀ ਰਹੀ

ਪੱਤਰਕਾਰ ਭੋਲਾ ਦੀ ਮਾਤਾ ਨੂੰ ਸ਼ਰਧਾਂਜਲੀਆਂ ਭੇਂਟ

ਸਮਾਲਸਰ, 21 ਫਰਵਰੀ (ਭੁਪਿੰਦਰ ਸਿੰਘ) ਬੀਤੇ ਦਿਨਾਂ ਲਛਮਣ ਸਿੰਘ, ਧਰਮਜੀਤ ਸ਼ਰਮਾ, ਪੱਤਰਕਾਰ ਕਮਲਜੀਤ ਭੋਲਾ ਦੀ ਮਾਤਾ ਅਤੇ ਰਿਟਾ. ਪੋਸਟ ਮਾਸਟਰ ਪੰਡਿਤ ਸ੍ਰੀ ਮਹਿੰਦਰ ਸਿੰਘ ਦੀ ਧਰਮਪਤਨੀ ਸ੍ਰੀਮਤੀ ਦਰੋਪਤੀ ਦੇਵੀ ਅਚਾਨਕ ਅਕਾਲੀ ਚਲਾਣਾ ਕਰ ਗਏ ਸਨ ਦੇ ਨਮਿੱਤ ਅੱਜ ਪਿੰਡ ਦੇ ਗੁਰਦੁਆਰਾ ਵਿਖੇ ਗੁਰਮਤਿ ਪ੍ਰਚਾਰ ਲੰਡੇ (ਮੋਗਾ) ਵਿਖੇ ਪਾਠਾਂ ਦੇ ਭੋਗ ਉਪਰੰਤ ਸ਼ਰਧਾਜ਼ਲੀਆਂ ਸਮਾਗਮ ਹੋਇਆ। ਇਸ ਸਮੇਂ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਅਜਾਦੀ ਆਗੂ ਗੁਰਮੁੱਖ ਸਿੰਘ ਲੰਡੇ ਅਤੇ ਸੀਨੀਅਰ ਅਕਾਲੀ ਆਗੂ ਸੁਰਜੀਤ, ਗੁਰਮੇਲ ਸਿੰਘ ਨੇ ਸੰਬੋਧਨ ਕਰਦਿਆਂ ਮਾਤਾ ਦਰੋਪਤੀ ਦੇਵੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਪਾਏ ਯੋਗਦਾਨ ਸੰਬੰਧੀ ਚਾਨਣਾ ਪਾਇਆ। ਉਕਤ ਬੁਲਾਰਿਆਂ ਨੇ ਮਾਤਾ ਦਰੋਪਤੀ ਦੇਵੀ ਵੱਲੋਂ ਪਰਿਵਾਰ ਦੀ ਤਰੱਕੀ ਅਤੇ ਸਮਾਜ ਵਿੱਚ ਪਾਏ ਯੋਗਦਾਨ ਲਈ ਚੇਤੇ ਕੀਤਾ। ਉਕਤ ਬੁਲਾਰਿਆਂ ਨੇ ਸਾਰੇ ਪਰਿਵਾਰ ਦੇ ਸਮਾਜਿਕ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੁਖ ਅਕਾਲੀ ਆਗੂ ਮੱਖਣ ਸਿੰਘ ਲੰਡੇ, ਬੀਬੀ ਜਸਵੀਰ ਕੌਰ ਸਾਬਕਾ ਵਾਈਸ ਚੇਅਰਮੈਨ, ਪ੍ਰੀਤਮ ਸਿੰਘ ਬਰਾੜ ਲੰਡੇ, ਨਰੰਜਣ ਸਿੰਘ ਬਰਾੜ, ਲਛਮਣ ਦਾਸ ਏ. ਐਸ. ਆਈ., ਬਾਬੂ ਰਾਮ ਸਾਬਕਾ ਡੀ. ਐਸ. ਪੀ., ਗੁਰਮਤੀ ਸਿੰਘ ਮਾਨ ਗਿੱਦੜਬਾਹਾ, ਜਸਬੀਰ ਭਲੂਰੀਆ, ਪੱਤਰਕਾਰ ਬੇਅੰਤ ਗਿੱਲ, ਡਾ. ਸਾਧੂ ਰਾਮ, ਮੁਨੀਸ਼ ਸ਼ਰਮਾ, ਰਾਕੇਸ਼ ਕੁਮਾਰ, ਭੁਪਿੰਦਰ ਸਿੰਘ, ਕਿਰਨਦੀਪ ਸਿੰਘ, ਗੁਰਜੰਟ ਸਿੰਘ ਰਾਜੂ ਗੋਇਲ, ਬੇਅੰਤ ਸਿੰਘ ਹਰਵਿੰਦਰ ਸ਼ਰਮਾ ਆਦਿ ਹਾਜਰ ਸਨ।

ਆਸਟਰੇਲੀਆ ਵਿੱਚ ਮਾਰੇ ਗਏ ਸਕੇ ਭਰਾਵਾਂ ਦਾ ਅੰਤਿਮ ਸੰਸਕਾਰ ਕੀਤਾ

ਸੁਨਾਮ, 21 ਫਰਵਰੀ (ਅਵਤਾਰ ਸਿੰਘ ਛਾਂਜਲੀ) ਆਸਟਰੇਲੀਆ ਵਿੱਚ ਮਾਰੇ ਗਏ ਦੋ ਸਕੇ ਭਾਈਆਂ ਦੀਆਂ ਮ੍ਰਿਤਕ ਦੇਹਾਂ ਅੱਜ ਉਨ੍ਹਾਂ ਦੇ ਘਰ ਪਹੁੰਚਣ ਤੇ ਪੂਰੇ ਸ਼ਹਿਰ ਦਾ ਮਾਹੌਲ ਸੋਕਮਈ ਹੋ ਗਿਆ। ਇੰਝ ਲੱਗਦਾ ਸੀ ਜਿਵੇਂ ਪੂਰਾ ਸ਼ਹਿਰ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਉਮੜ ਆਇਆ ਹੋਵੇ ਅਤੇ ਹਜ਼ਾਰਾਂ ਨਮ ਅੱਖਾਂ ਨੇ ਉਨ੍ਹਾਂ ਨੂੰ ਅੰਮਿਤ ਵਿਦਾਈ ਦਿੱਤੀ। ਅੱਜ ਸਵੇਰੇ ਤਕਰੀਬਨ 9 ਕੁ ਵਜੇ ਸਾਂਸਦ ਵਿਜੈਇੰਦਰ ਸਿੰਗਲਾ ਦੀ ਅਗਵਾਈ ਵਿੱਚ ਕਾਫਲਾ ਦੋਵਾਂ ਭਾਈਆਂ ਦੀ ਮ੍ਰਿਤਕ ਦੇਹਾਂ ਨੂੰ ਲੈ ਕੇ ਉਨ੍ਹਾਂ ਦੇ ਘਰ ਪਹੁੰਚਿਆ। ਮ੍ਰਿਤ ਦੇਹਾਂ ਦੇ ਘਰ ਪਹੁੰਚਣ ਦੀ ਸੂਚਨਾ ਮਿਲਦੇ ਹੀ ਹਰ ਸ਼ਹਿਰ ਵਾਸੀ ਉਨ੍ਹਾਂ ਨੂੰ ਅੰਤਿਮ ਵਾਰ ਦੇਖਣ ਲਈ ਉਨ੍ਹਾਂ ਦੇ ਘਰ ਪੁੱਜਣ ਲੱਗਾ। ਸਮਸ਼ਾਨ ਘਾਟ ਵਿੱਚ ਪ੍ਰਸ਼ਾਸਨ ਨੇ ਮ੍ਰਿਤਕਾਂ ਦੀਆਂ ਦੋਹਾਂ ਨੂੰ ਸ਼ਹਿਰ ਵਾਸੀਆਂ ਦੇ ਦਰਸ਼ਨਾਂ ਲਈ ਰੱਖ ਦਿੱਤਾ। ਇਸ ਮੌਕੇ ਤੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਾਂਸਦ ਵਿਜੈਇੰਦਰ ਸਿੰਗਲਾ, ਕੈਬਨਿਟ ਮੰਤਰੀ ਪੰਜਾਬ . ਪਰਮਿੰਦਰ ਸਿੰਘ ਢੀਂਡਸਾ, ਰਾਜਿੰਦਰ ਸਿੰਘ ਰਾਜਾ, ਭਾਜਪਾ ਮੰਡਲ ਪ੍ਰਧਾਨ, ਨਵਲ ਕਿਸ਼ੋਰ ਕਾਂਸ਼ਲ, ਹਰਿੰਦਰ ਸਿੰਘ ਲਖਮੀਰਵਾਲਾ ਰਜਿੰਦਰ ਦੀਪਾ, ਅਮਨ ਅਰੋੜਾ, ਡਿਪਟੀ ਕਮਿਸ਼ਨਰ ਸੰਗਰੂਰ ਸ. ਹਰਨੇਕ ਸਿੰਘ ਸਿੱਧੂ, ਐਸ. ਡੀ. ਐਮ. ਸੰਗਰੂਰ ਸ. ਉਪਕਾਰ ਸਿੰਘ, ਐਸ. ਡੀ. ਐਮ. ਸੁਨਾਮ ਸ. ਬਲਦੇਵ ਸਿੰਘ ਪ੍ਰਿਤਪਾਲ ਸਿੰਘ ਹਾਂਡਾ, ਪ੍ਰਧਾਨ ਅਗਰਵਾਲ ਸਭ ਨਰੇਸ਼ ਕੁਲਾਰ ਆਦਿ ਸ਼ਹਿਰ ਦੀਆਂ ਕਈ ਸਮਾਜਿਕ ਸਖਸ਼ੀਅਤਾਂ ਅਤੇ ਹਜ਼ਾਰਾਂ ਸ਼ਹਿਰ ਵਾਸੀਆਂ ਸ਼ਮਸ਼ਾਨ ਘਾਟ ਵਿੱਖੇ ਪਹੁੰਚੇ। ਸਾਂਸਦ ਵਿਜੈਇੰਦਰ ਸਿੰਗਲਾ ਨੇ ਦੱਸਿਆ ਕਿ ਮ੍ਰਿਤ ਦੇਹਾਂ ਨੂੰ ਇੱਥੇ ਤੱਕ ਲਿਆਉਣ ਦਾ ਪੂਰਾ ਖਰਚਾ ਕੇਂਦਰ ਸਰਕਾਰ ਵੱਲੋਂ ਦਿੱਤਾ ਗਿਆ ਹੈ ਅਤੇ ਜੇਕਰ ਸੰਭ ਹੋਇਆ ਤਾਂ ਪ੍ਰਧਾਨ ਮੰਤਰੀ ਰਾਹਤ ਕੋਸ਼ ਤੋਂ ਵੀ ਇਸ ਪਰਿਵਾਰ ਦੀ ਆਰਥਿਕ ਮਦਦ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਲੋਕ ਨਿਰਮਾਣ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਇਸ ਮਹਾਨ ਦੁਖ ਦੀ ਘੜੀ ਵਿੱਚ ਰਾਜ ਸਰਕਾਰ ਅਤੇ ਸਮੂਹ ਸੂਬਾ ਵਾਸੀ ਇਸ ਪਰਿਵਾਰ ਦੇ ਨਾਲ ਹਨ ਅਤੇ ਪੰਜਾਬ ਸਰਕਾਰ ਵੱਲੋਂ ਇਸ ਪਰਿਵਾਰ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਮ੍ਰਿਤਕਾਂ ਪ੍ਰਤੀ ਸੋਕ ਸਵਪੂਰ ਅੱਜ ਪੂਰਾ ਸਹਿਰ ਅਤੇ ਬਜਾਰ ਬੰਦ ਰੱਖਿਆ ਗਿਆ। ਅੰਮਿਤ ਸਸਕਾਰ ਦੌਰਾਨ ਮ੍ਰਿਤਕਾਂ ਦੇ ਪਰੀਜਨਾਂ ਦਾ ਵਿਰਲਾਪ ਦੇਖ ਕੇ ਉੱਥੇ ਮੌਜੂਦ ਹਰ ਵਿਅਕਤੀ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਇਨ੍ਹਾਂ ਨਮ ਅੱਖਾਂ ਨਾਲ ਹੀ ਮ੍ਰਿਤਕਾਂ ਨੂੰ ਆਖਰੀ ਵਿਦਾਈ ਦਿੰਦਿਆ ਹੋਇਆ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।

ਕਮਲ ਰਾਏ ਨਿਊਜ ਪੇਪਰ ਏਜੰਟ ਨੂੰ ਸਦਮਾ ਮਾਤਾ ਦਾ ਦਿਹਾਂਤ

ਫਗਵਾੜਾ, 21 ਫਰਵਰੀ (ਅ.ਬ.) ਫਗਵਾੜਾ ਤੋਂ ਕਮਲ ਰਾਏ ਨਿਊਜ ਪੇਪਰ ਏਜੰਟ ਨੂੰ ਉਦੋਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਸ਼ੀਲਾ ਦੇਵੀ ਅਚਾਨਕ ਵਿਛੋੜਾ ਦੇ ਗਏ। ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਕੇ ਹੋਏ ਸਾਹਿਤਕਾਰ ਪੱਤਰਕਾਰ ਤੇ ਸਮਾਜ ਸੇਵਕ ਜਸਵਿੰਦਰ ਢੱਡਾ, ਉਕਾਰ ਸੂਦ ਪੱਤਰਕਾਰ ਪਰਮਜੀਤ ਰਾਏ, ਮਿਸਤਰੀ ਗੁਰਮੀਤ ਸਿੰਘ ਨਿਊਜ ਪੇਪਰ ਏਜੰਟ ਗੁਰਾਇਆ, ਅਸ਼ੋਕ ਬੱਸੀ ਗੋਪਾਲ ਸਾਗਰ, ਮੋਹਣ ਲਾਲ, ਚਰਨਜੀਤ ਆਦਿ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਵਾਹਿਗੁਰੂ ਵਿਛੜੀ ਹੋਈ ਆਤਮਾ ਨੂੰ ਆਪਣੇ ਚਰਨਾਂ 'ਚ ਵਾਸ ਦੇਵੇ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

ਕੇਨਰਾ ਬੈਂਕ ਵੱਲੋਂ ਬੱਚਤ ਖਾਤਾ ਉਤਸ਼ਵ ਦੇ ਚਲਦਿਆਂ ਅੱਜ ਬੀ.ਐਮ.ਸੀ. ਸ਼ਾਖਾ ਜਲੰਧਰ ਤੋਂ ਰੋਡ ਸ਼ੋਅ ਦਾ ਆਯੋਜਨ ਕੀਤਾ ਗਿਆ। ਤਸਵੀਰ ਵਿੱਚ ਬੀ.ਐਮ. ਸੀ. ਸ਼ਾਖਾ ਦੇ ਮੁੱਖ ਪ੍ਰਬੰਧਕ ਸ੍ਰੀ ਐਨ.ਐਸ. ਬੱਗਾ ਦੀ ਅਗਵਾਈ ਵਿੱਚ ਬੈਂਕ ਦੀਆਂ ਸਾਰੀਆਂ ਸ਼ਾਖਾਵਾਂ ਨੇ ਭਾਗ ਲਿਆ ਅਤੇ ਬੱਚਤ ਖਾਤੇ ਖੋਲ੍ਹਣ ਦੀ ਮੁਹਿੰਮ ਨੂੰ ਅੱਗੇ ਵਧਾਇਆ।

ਮਾਤਾ ਭਗਵਾਨ ਕੌਰ ਨੂੰ ਸ਼ਰਧਾਂਜਲੀਆਂ ਭੇਂਟ

ਸਮਾਲਸਰ, 21 ਫਰਵਰੀ (ਭੁਪਿੰਦਰ ਸਿੰਘ) ਉੱਘੇ ਕਬੱਡੀ ਖਿਡਾਰੀ ਬਾਬਾ ਮੇਹਰ ਸਿੰਘ ਦੀ ਧਰਮਪਤਨੀ ਅਤੇ ਮੈਂਬਰ ਪੰਚਾਇਤ ਚਮਕੌਰ ਸਿੰਘ ਰੋਡੇ ਦੀ ਮਾਤਾ ਭਗਵਾਨ ਕੌਰ ਅਚਾਨਕ ਅਕਾਲ ਚਲਾਣਾ ਕਰ ਗਏ ਸਨ ਦੇ ਨਮਿੱਤ ਪਿੰਡ ਰੋਡੇ (ਮੋਗਾ) ਉਨ੍ਹਾਂ ਦੇ ਗ੍ਰਹਿ ਵਿਖੇ ਸਾਹਿਜ ਪਾਠਾਂ ਦੇ ਭੋਗ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ। ਇਸ ਸਮੇਂ ਕੀਰਤਨੀ ਜੱਥੇ ਨੇ ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਕੈਪਟਨ ਹਰਚਰਨ ਸਿੰਘ ਰੋਡੇ ਅਵਤਾਰ ਸਿੰਘ ਕੈਨੇਡੀਅਨ ਨੇ ਸੰਬੋਧਨ ਕਰਦਿਆਂ ਮਾਤਾ ਭਗਵਾਨ ਕੌਰ ਵੱਲੋਂ ਆਪਣੀਆਂ ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦਿਆਂ ਸਮਾਜ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਕਤ ਬੁਲਾਰਿਆਂ ਨੇ ਕਿਹਾ ਕਿ ਜਿਸ ਤਰ੍ਹਾਂ ਬਾਬਾ ਮੇਹਰ ਸਿੰਘ ਨੇ ਕਬੱਡੀ ਖੇਤਰ ਵਿੱਚ ਪਿੰਡ ਰੋਡੇ ਦਾ ਨਾਮ ਚਮਕਾਇਆ। ਉਸੇ ਤਰ੍ਹਾਂ ਉਨ੍ਹਾਂ ਦੇ ਸਪੁੱਤਰ ਬਾਬਾ ਚਮਕੌਰ ਸਿੰਘ ਨੇ ਵੀ ਗ੍ਰਾਮ ਪੰਚਾਇਤ ਅਤੇ ਰਾਜਨੀਤੀ ਅਤੇ ਸਮਾਜ ਵਿੱਚ ਵਧੀਆ ਯੋਗਦਾਨ ਪਾਉਂਦਿਆ ਆਪਣੇ ਪਰਿਵਾਰ ਦਾ ਨਾਮ ਚਮਕਾਇਆ। ਹੈ। ਇਸ ਸਮੇਂ ਹਰਨਾਮ ਸਿੰਘ ਨਾਮਧਾਰੀ ਇੰਗਲੈਂਡ, ਸੁਖਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਦੀਪ ਸਿੰਘ ਰੋਡੇ, ਜਗਤਾਰ ਸਿੰਘ ਰੋਡੇ, ਬਲਦੇਵ ਸਿੰਘ ਰੋਡੇ, ਮਲਕੀਤ ਸਿੰਘ ਸਰਪੰਚ, ਡਾ. ਹਰਨੇਕ ਸਿੰਘ ਰੋਡੇ, ਸਤਵਿੰਦਰ ਸਿੰਘ ਸੱਤਾ, ਬੀਬੀ ਚਰਨਜੀਤ ਕੌਰ, ਨਛੱਤਰ ਸਿੰਘ, ਕੁਲਵੰਤ ਸਿੰਘ ਗਿੱਲ, ਨਿਰਮਲ ਸਿੰਘ ਰੋਡੇ, ਬਲਵੰਤ ਸਿੰਘ ਸੂਬੇਦਾਰ, ਜਸਬੀਰ ਸਿੰਘ ਕੈਨੇਡੀਅਨ ਸਾਧੂ ਸਿੰਘ ਨੰਬਰਦਾਰ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

ਉੱਤਰ ਰੇਲਵੇ
ਸੋਧਪੱਤਰ
ਇਸ ਦਫਤਰ ਦੀ ਟੈਂਡਰ ਸੂਚਨਾ ...
ਮਿਤੀ 03.02.2010 ...
ਮਿਤੀ 18.02.2010
ਗਾਹਕਾਂ ਦੀ ਸੇਵਾ 'ਚ ਮੁਸਕਾਨ ਦੇ ਨਾਲ

ਪ੍ਰਿੰਸੀਪਲ ਦਾ ਅਹੁਦਾ ਸੰਭਾਲਿਆ

ਫਗਵਾੜਾ, 21 ਫਰਵਰੀ (ਜਸਵਿੰਦਰ ਢੱਡਾ) ਸਿੱਖਿਆ ਦੇ ਖੇਤਰ ਵਿੱਚ ਵਡਮੁੱਲੀਆਂ ਸੇਵਾਵਾਂ ਦੇਣ ਵਾਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੱਲਾਰਾਏ ਦੇ ਸੀਨੀਅਰ ਲੈਕਚਰਾਰ ਸ੍ਰੀ ਹਰਮੇਸ਼ ਲਾਲ ਘੇੜਾ ਨੇ ਬਤੌਰ ਪ੍ਰਿੰਸੀਪਲ ਵਜੋਂ ਅਹੁੱਦਾ ਸੰਭਾਲ ਕੇ ਦਫਤਰ ਦਾ ਕੰਮ ਕਾਰਜ ਸ਼ੁਰੂ ਕਰ ਦਿੱਤਾ ਹੈ। ਅਹੁੱਦਾ ਸੰਭਾਲਣ ਸਮੇਂ ਕੀਤੇ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਜਲੰਧਰ ਅਤੇ ਕਪੂਰਥਲਾ ਦੇ ਸਿੱਖਿਆ ਅਫਸਰਾਂ ਨੇ ਸ਼ਿਰਕਤ ਕਰ ਕੇ ਸ੍ਰੀ ਘੇੜਾ ਨੂੰ ਪੱਦ ਉਨਤੀ ਲਈ ਵਧਾਈਆਂ ਦਿੱਤੀਆਂ। ਸਮਾਗਮ ਵਿੱਚ ਸਰਪੰਚ ਸਰਬਜੀਤ ਕੌਰ ਭੁੱਲਾਰਾਏ, ਸਰਪੰਚ ਕਸ਼ਮੀਰੀ ਲਾਲ ਅਮਰੀਕ ਨਗਰੀ, ਸਰਪੰਚ ਸ਼ਿਵ ਕੁਮਾਰ ਖਲਵਾੜਾ, ਸ੍ਰੀ ਹਰਭਜਨ ਖਲਵਾੜਾ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਕਪੂਰਥਲਾ ਗੁਰਮੀਤ ਸਿੰਘ ਮੈਂਬਰ ਪੰਚਾਇਤ ਬੀੜ ਪੁਆਦ, ਹਰਦੀਪ ਸਿੰਘ ਚੇਅਰਮੈਨ ਪਸਵਕ, ਦਵਿੰਦਰ ਪਾਲ ਪੀ. ਟੀ. ਈ. ਪ੍ਰਧਾਨ ਮਾਸਟਰ ਹਰਭਜਨ ਸਿੰਘ ਭੁੱਲਾਰਾਏ, ਸੁਰਿੰਦਰ ਸਿੰਘ ਨੈਸ਼ਨਲ ਅਵਾਰਡੀ ਕੀਮਤੀ ਲਾਲ ਸਾਪਲਾ, ਸੁਪਰਡੈਂਟ ਜੱਸੀ ਆਦਿ ਹਾਜ਼ਰ ਸਨ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਅੱਜ ਦੀ ਆਵਾਜ਼' ਦੀ ਮੈਨੇਜਮੈਂਟ ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਸੰਪਾਦਕ, ਪ੍ਰਕਾਸ਼ਕ ਤੇ ਪ੍ਰਿੰਟਰ ਗੁਰਦੀਪ ਸਿੰਘ ਨੇ 'ਪੰਥ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ' ਜਲੰਧਰ ਲਈ ਮੈਸ: ਨਿਊ ਦਸ਼ਮੇਸ਼ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ 178-179, ਰਣਜੀਤ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕ - ਗੁਰਦੀਪ ਸਿੰਘ
ਕਾਰਜਕਾਰੀ ਸੰਪਾਦਕ - ਬਲਜੀਤ ਸਿੰਘ ਬਰਾੜ

RNI Regd. No. 46843/90, Postel Regd. No. PB/0007/09-2011
ਟੈਲੀਫੋਨ ਨੰ. 0181- 4626370-2235707 ਫੈਕਸ ਨੰ. : 0181-2225427, 2235427
ਪੋਸਟ ਬਾਕਸ ਨੰ 46 info@ajdiawaaz.com

ਕਲਾਸੀਫਾਈਡ ਇਸ਼ਤਿਹਾਰ

CHANGE OF NAME

I, Neelam Y Sood W/o Mr. Subhash Sud R/o Singla Market, G.T. Road, Phagwara, Distt. Kapurthala, Punjab, India have Changed my name from Neelam Y Sood to Neelam Y Sud, After marriage. All Concerned Please Note.

I, Sukhjinder Kaur W/o Baljinder Singh Kandola R/o V.P.O. Kandola Kalan, Teh. Phillaur, Distt. Jalandhar, PB. India have Changed my name from Sukhjinder Kaur to Sukhjinder Kaur Kandola.

I, Jagtar Singh S/o Gurdev Singh R/o Vill. Pal Qadim, P.O. Kang Jagir, Teh. Phillaur, Distt. Jalandhar, PB. India have Changed my name from Jagtar Singh to Jagtar Singh Thandi.

I, Rajinder Kumar Thapar S/o Mr. Sri Ram R/o St. No. 6, Prem Nagar, Khera Road, Phagwara, Distt. Kapurthala, Punjab, India have Changed the name of my Minor Daughter Kanika to Kanika Thapar. All Concerned Please Note.

ਪਿਛਲੇ ਚਾਰ ਸਾਲਾਂ ਤੋਂ ਦੁੱਖ ਭੋਗਦੇ ਵਿਆਂਦੜ ਜੋੜੇ ਦੀਆਂ ਪਰਿਵਾਰਿਕ ਖੁਸ਼ੀਆਂ ਮੁੜ ਬਹਾਲ

ਹਿੰਦੂ ਮੈਰਿਜ ਐਕਟ ਅਤੇ ਘਰੇਲੂ ਹਿੰਸਾ ਐਕਟ 2005 ਇਨਸਾਫ਼ ਦੇ ਰਾਹ 'ਚ ਅੜਿੱਕਾ: ਪੁਰਖਾਲਵੀ

ਮੁਹਾਲੀ 21 ਫਰਵਰੀ (ਵੀਨਾ ਰਾਜਪੂਤ)ਪਿਛਲੇ ਕਈ ਸਾਲਾਂ ਤੋਂ ਮਾਨਵ ਅਧਿਕਾਰਾਂ ਦੀ ਰਾਖੀ ਅਤੇ ਪ੍ਰਾਪਤੀ ਲਈ ਕਾਰਜ਼ਸ਼ੀਲ ਸਮਾਜ ਸੇਵੀ ਜਥੇਬੰਦੀ ਦਲਿਤ ਚੇਤਨਾ ਮੰਚ ਪੰਜਾਬ ਨੇ ਅੱਜ ਪਤੀ ਪਤਨੀ ਦੇ ਸ਼ਾਦੀ ਸ਼ੁਦਾ ਮਸਲੇ ਦਾ ਪਰਿਵਾਰਿਕ ਹੱਲ ਕਰਕੇ ਦੋਵੇਂ ਪੀੜਤ ਪਰਿਵਾਰਾਂ ਵਿੱਚ ਪਿਛਲੇ ਛੇ ਸਾਲਾਂ ਤੋਂ ਚੱਲ ਰਹੀ ਠੰਢੀ ਜੰਗ ਦਾ ਖਾਤਮਾ ਕੀਤਾ ਹੈ, ਮੰਚ ਦੇ ਇਸ ਮਾਨਵੀ ਸਹਿਯੋਗ ਨਾਲ ਦੋਵੇਂ ਧਿਰਾਂ ਨੂੰ ਕਾਫੀ ਰਾਹਤ ਪ੍ਰਾਪਤ ਹੋਈ ਹੈ ਜਿਸ ਤੋਂ ਉਹ ਅੱਜ ਡਾਹਡੇ ਖੁਸ਼ ਨਜ਼ਰ ਆਏ। ਮਾਮਲੇ ਦੀ ਜਾਣਕਾਰੀ ਦਿੰਦਿਆਂ ਮੰਚ ਦੀ ਮੀਡੀਆ ਇੰਚਾਰਜ ਅਤੇ ਕੌਂਸਲਰ ਬਲਜੀਤ ਕੌਰ ਪੁਰਖਾਲਵੀ ਨੇ ਦੱਸਿਆ ਕਿ ਚੰਡੀਗੜ੍ਹ ਦੇ ਵਸਨੀਕ 33 ਸਾਲਾ ਦਿਨੇਸ਼ ਕੁਮਾਰ ਨੇ ਜਥੇਬੰਦੀ ਕੋਲ ਇੱਕ ਲਿਖਤੀ ਸ਼ਿਕਾਇਤ ਦੇ ਕੇ ਗੁਹਾਰ ਲਗਾਈ ਸੀ ਕਿ ਪਿਛਲੇ ਤਿੰਨ ਸਾਲਾਂ ਤੋਂ ਉਸ ਨੂੰ ਛੱਡ ਕੇ ਆਪਣੇ ਮਾਪਿਆ ਕੋਲ ਰਹਿ ਰਹੀ ਉਸ ਦੀ ਪਤਨੀ ਨੂੰ ਮੁੜ ਸਹੁਰੇ ਘਰ ਵਸਾਇਆ ਜਾਵੇ। ਆਪਣੇ ਪੱਤਰ ਵਿੱਚ ਉਨ੍ਹਾਂ ਲਿਖਿਆ ਸੀ ਕਿ ਉਸ ਦੀ ਸ਼ਾਦੀ ਫ਼ੇਜ਼ 9 ਦੇ ਵਸਨੀਕ ਰਾਮ ਦਾਸ ਬਾਲੂ ਦੀ ਪੁੱਤਰੀ ਰਜ਼ਨੀ ਬਾਲੀ ਨਾਲ 7 ਫਰਵਰੀ 2004 ਨੂੰ ਹਿੰਦੂ ਰੀਤੀ ਰਸਮਾਂ ਰਿਵਾਜਾਂ ਨਾਲ ਹੋਈ ਸੀ, ਸ਼ਾਦੀ ਤੋਂ ਕੁਝ ਸਮੇਂ ਬਾਅਦ ਹੀ ਉਨ੍ਹਾਂ ਦੀ ਵਿਵਾਹਿਕ ਜ਼ਿੰਦਗੀ ਵਿੱਚ ਕੁੜੱਤਣ ਪੈਦਾ ਹੋ ਗਈ ਜਿਸ ਕਾਰਨ ਉਨ੍ਹਾਂ ਦਾ ਹਰ ਦਿਨ ਨਿੱਤ ਨਵੀਆਂ ਮੁਸੀਬਤਾਂ ਵਿੱਚ ਘਿਰਦਾ ਹੀ ਗਿਆ। ਇਸ ਕੁੜੱਤਣ ਭਰੇ ਮਾਹੌਲ ਵਿੱਚ ਭਾਵੇਂ ਉਨ੍ਹਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਪ੍ਰੰਤੂ ਘਰੇਲੂ ਕਲੇਸ਼ ਦੇ ਉਸ ਦੀ ਪੀ. ਜੀ. ਆਈ. ਵਿੱਚ ਇਲਾਜ਼ ਦੇ ਦੌਰਾਨ ਹੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਹੀ ਉਸ ਦੀ ਪਤਨੀ ਉਸ ਨੂੰ ਮੁਸੀਬਤ ਵਿੱਚ ਛੱਡ ਕੇ ਆਪਣੇ ਮਾਪਿਆਂ ਕੋਲ ਰਹਿਣ ਲੱਗ ਪਈ। ਇਸ ਮਾਮਲੇ ਦੀ ਸ਼ਿਕਾਇਤ ਉਨ੍ਹਾਂ ਨੇ ਸਥਾਨਕ ਵੂਮੈਨ ਸੈਲ ਵਿੱਚ ਦਿੱਤੀ ਸੀ ਪ੍ਰੰਤੂ ਪੰਜਾਬ ਪੁਲਿਸ ਵੀ ਉਸ ਦਾ ਮਾਮਲਾ ਹੱਲ ਕਰਨ ਤੋਂ ਅਸਮਰੱਥ ਰਹੀ।

ਇਸ ਤੋਂ ਇਲਾਵਾ ਉਸ ਨੇ ਮੋਹਤਬਰਾਂ ਰਾਹੀਂ ਵੀ ਮਾਮਲੇ ਨੂੰ ਨਿਪਟਾਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਸਫਲਤਾ ਉਸ ਦੇ ਹੱਥ ਨਾ ਲੱਗੀ, ਜਿਸ ਕਾਰਨ ਉਹ ਨਿਰਾਸ਼ਤਾ ਅਤੇ ਪੀੜਾ ਦੇ ਮਾਹੌਲ ਵਿੱਚ ਸਮਾਂ ਗੁਜ਼ਾਰਨ ਲਈ ਮਜ਼ਬੂਰ ਸਨ। ਜਾਣਕਾਰਾਂ ਦੀ ਸਲਾਹ ਮੰਨ ਕੇ ਪੀੜਤ ਪਤੀ ਨੇ ਮਾਮਲੇ ਦੇ ਹੱਲ ਲਈ ਮੰਚ ਕੋਲ ਗੁਹਾਰ ਲਗਾਈ ਸੀ, ਜਿਸ ਤੇ ਤੁਰੰਤ ਕਾਰਵਾਈ ਕਰਦਿਆਂ ਮੰਚ ਦੇ ਸੂਬਾਈ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਦੀ ਅਗਵਾਈ ਵਿੱਚ ਡਾ. ਭੁਪਿੰਦਰ ਸਿੰਘ, ਬਲਜੀਤ ਕੌਰ ਪੁਰਖਾਲਵੀ, ਅਸ਼ਵਨੀ ਕੁਮਾਰ, ਬਲਜੀਤ ਸਿੰਘ ਮਦਵਾੜਾ ਅਤੇ ਰਿਟਾਇਰਡ ਅਧਿਕਾਰੀ ਅਵਤਾਰ ਸਿੰਘ ਚੰਡੀਗੜ੍ਹ ਆਧਾਰਿਤ ਇੱਕ ਛੇ ਮੈਂਬਰੀ ਕਮੇਟੀ ਦਾ ਗਠਨ ਕਰਕੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਕਰਨ ਉਪਰੰਤ ਦੋਵੇਂ ਧਿਰਾਂ ਨੂੰ ਮੁਹਾਲੀ ਵਿਖੇ ਇਕੱਠਾ ਕੀਤਾ ਗਿਆ ਜਿੱਥੇ ਮੰਚ ਦੇ ਆਗੂਆਂ ਨੇ ਦੋਵੇਂ ਧਿਰਾਂ ਦੀ ਕੌਂਸਲਿੰਗ ਕਰਕੇ ਉਨ੍ਹਾਂ ਨੂੰ ਆਪਣਾ ਘਰ ਵਸਾਉਣ ਨਸੀਹਤ ਦਿੱਤੀ। ਲੰਮਾ ਸਮਾਂ ਚੱਲੀ ਬਹਿਸ ਅਤੇ ਵਿਚਾਰ ਚਰਚਾ ਤੋਂ ਬਾਅਦ ਪਤੀ ਪਤਨੀ ਨੇ ਮੰਚ ਦੇ ਆਗੂਆਂ, ਕੌਂਸਲਰਾਂ, ਮੋਹਤਬਰਾਂ ਅਤੇ ਤਮਾਮ ਪਰਿਵਾਰਿਕ ਮੈਂਬਰਾਂ ਦੀ ਹਾਜ਼ਰੀ ਵਿੱਚ ਅਲੱਗ ਅਲੱਗ ਰਹਿਣ ਦਾ ਆਪਣਾ ਫੈਸਲਾ ਸੁਣਾਇਆ ਜਿਸ ਉਤੇ ਦੋਵੇਂ ਪਰਿਵਾਰਾਂ ਨੇ ਵੀ ਆਪਣੀ ਸਹਿਮਤੀ ਜਤਾਈ। ਦੋਵੇਂ ਧਿਰਾਂ ਵੱਲੋਂ ਆਏ ਇਸ ਫ਼ੈਸਲੇ ਉਤੇ ਕਮੇਟੀ ਨੇ ਆਪਣੀ ਮੋਹਰ ਲਾਉਂਦਿਆਂ ਸਾਰਿਆਂ ਦੀ ਹਾਜ਼ਰੀ ਵਿੱਚ ਕਾਗਜ਼ੀ ਕਾਰਵਾਈ ਕਰਕੇ ਪਤੀ ਪਤਨੀ ਨੂੰ ਸ਼ਾਦੀ ਸ਼ੁਦਾ ਜ਼ਿੰਦਗੀ ਤੋਂ ਫ਼ਾਰਗ ਕਰ ਦਿੱਤਾ ਜਿਸ ਅਨੁਸਾਰ ਉਹ ਆਪਣੀ ਜਿੰਦਗੀ ਖੁਦ ਜਿਊਂਣ, ਘਰ ਵਸਾਉਣ, ਆਉਣ ਜਾਣ ਅਤੇ ਹਰ ਤਰ੍ਹਾਂ ਦੇ ਆਜਾਦਾਨਾਂ ਫੈਸਲੇ ਲੈਣ ਲਈ ਉਹ ਮੁਕੰਮਲ ਤੌਰ ਤੇ ਆਜਾਦ ਹੋਣਗੇ। ਲੜਕੀ ਪਰਿਵਾਰ ਵੱਲੋਂ ਸ਼ਾਦੀ ਮੌਕੇ ਦਿੱਤਾ ਸਾਰਾ ਘਰੇਲੂ ਸਾਮਾਨ ਅਤੇ ਖਰਚੇ ਦੇ ਰੂਪ ਵਿੱਚ ਉਨ੍ਹਾਂ ਨੂੰ ਨਕਦੀ ਮੌਕੇ ਤੇ ਹੀ ਸੌਂਪ ਦਿੱਤੀ ਗਈ। ਫੈਸਲੇ ਤੋਂ ਬਾਅਦ ਦੋਵੇਂ ਧਿਰਾਂ ਨੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮੰਚ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਉਨ੍ਹਾਂ ਦੇ ਘਰ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਕਾਟੋ ਕਲੇਸ਼ ਦਾ ਸਦੀਵੀ ਅੰਤ ਕੀਤਾ ਹੈ। ਇਸ ਮੌਕੇ ਦੋਵੇਂ ਪਰਿਵਾਰਾਂ ਤੋਂ ਇਲਾਵਾ ਕੌਂਸਲਰ ਬਲਜੀਤ ਕੌਰ ਪੁਰਖਾਲਵੀ, ਕੌਂਸਲਰ ਪ੍ਰਕਾਸ਼ਵਤੀ, ਕੌਂਸਲਰ ਮਨਜੀਤ ਕੌਰ, ਹਰਪ੍ਰੀਤ ਸਿੰਘ ਮੌਜਪੁਰ, ਐਸ. ਕੇ. ਦੁੱਗਲ, ਰਾਮੇਸ਼ ਕੁਮਾਰ, ਸ਼ਿਵ ਕੁਮਾਰ, ਅਸ਼ਵਨੀ ਕੁਮਾਰ ਭਾਟੀਆ, ਬਲਜੀਤ ਸਿੰਘ ਮਦਵਾੜਾ, ਅਵਤਾਰ ਸਿੰਘ ਅਤੇ ਕੁੰਦਨ ਲਾਲ ਆਦਿ ਹਾਜ਼ਰ ਸਨ।